# ਪੰਜਾਬੀ ਨਾਟਕ ਦੀਆਂ ਪ੍ਰਵਿਰਤੀਆਂ

ਪੰਜਾਬੀ ਨਾਟਕ ਦੇ ਇਤਿਹਾਸਕ ਸਰਵੇਖਣ ਉਪਰੰਤ ਇਸਦਾ ਪ੍ਰਵਿਰਤੀ ਮੂਲਕ ਅਧਿਐਨ ਕਰਨਾ ਉਚਿਤ ਹੈ। ਕਿਉਂਕਿ ਸਾਹਿਤਕ ਵਿਕਾਸ ਸਿਧਾਂਤ ਦੇ ਆਧਾਰ ਤੇ ਇਹ ਪ੍ਰਵਿਰਤੀਆਂ ਨਾਟਕ ਦੀ ਉਪਜ ਪ੍ਰਕਿਰਿਆ ਤੇ ਸਮੇਂ-ਸਮੇਂ ਪ੍ਰਭਾਵ ਵਿਚ ਆਏ ਪਰਿਵਰਤਨਾਂ ਤੋਂ ਉਪਜੀਆਂ ਲੋੜਾਂ ਉੱਤੇ ਨਿਰਭਰ ਕਰਦੀਆਂ ਹਨ। ਪੰਜਾਬੀ ਨਾਟਕ ਮੁੱਖ ਰੂਪ ਵਿਚ ਇਤਿਹਾਸਕ ਪ੍ਰਵਿਰਤੀ, ਧਾਰਮਿਕ ਪ੍ਰਵਿਰਤੀ, ਸੁਧਾਰਵਾਦੀ ਪ੍ਰਵਿਰਤੀ, ਯਥਾਰਥਵਾਦੀ ਪ੍ਰਵਿਰਤੀ, ਮਿਥਿਹਾਸਕ ਪ੍ਰਵਿਰਤੀ, ਕਾਵਿ ਨਾਟਕ ਪ੍ਰਵਿਰਤੀ, ਪ੍ਰਯੋਗਵਾਦੀ ਪ੍ਰਵਿਰਤੀ, ਐਬਸਰਡ ਨਾਟਕ ਪ੍ਰਵਿਰਤੀ ਆਦਿ ਪ੍ਰਵਿਰਤੀਆਂ ਗਿਣੀਆਂ ਜਾ ਸਕਦੀਆਂ ਹਨ। ਇਥੇ ਕੁਝ ਪ੍ਰਮੁੱਖ ਪ੍ਰਵਿਰਤੀਆਂ ਦਾ ਵਰਣਨ ਇਸ ਪ੍ਰਕਾਰ ਹੈ।

(i) **ਇਤਿਹਾਸਕ ਪ੍ਰਵਿਰਤੀ :-** ਨਾਟਕ ਵਿਚ ਇਤਿਹਾਸਕ ਪ੍ਰਵਿਰਤੀ ਤੋਂ ਭਾਵ ਇਤਿਹਾਸ ਨੂੰ ਨਾਟਕੀ ਰੂਪ ਪ੍ਰਦਾਨ ਕਰਨ ਤੋਂ ਹੈ ਨਾਂ ਕਿ ਨਿਰੋਲ ਇਤਿਹਾਸ ਦੀ ਪ੍ਰਦਰਸ਼ਨੀ ਕਰਨ ਤੋਂ ਹੈ। ਨਾਟਕ ਦੀ ਪੱਧਰ ਤੇ ਇਹ ਅਜਿਹੀ ਪ੍ਰਵਿਰਤੀ ਦਾ ਧਾਰਨੀ ਹੈ। ਇਸ ਪੱਧਰ ਤੇ ਮੰਨਿਆਂ ਜਾਂਦਾ ਹੈ ਕਿ ਜਦੋਂ ਕਿਸੇ ਇਤਿਹਾਸਕ ਘਟਨਾ, ਨੂੰ ਵਿਸ਼ੇਸ਼ ਤੌਰ ਤੇ ਨਾਟਕੀ ਰੂਪ ਦਿੱਤਾ ਜਾਂਦਾ ਹੈ, ਤਾਂ ਉਹ ਇਤਿਹਾਸਕ ਨਾਟਕ ਅਖਵਾਉਂਦਾ ਹੈ।

**ਡਾ. ਹਰਚਰਨ ਸਿੰਘ ਅਨੁਸਾਰ :-**

"ਨਾਟਕ ਇਤਿਹਾਸ ਨਹੀਂ ਹੈ, ਇਤਿਹਾਸਕਾਰ ਉਹ ਗੱਲ ਲਿਖਦਾ ਹੈ, ਜਿਹੜੀਆਂ ਉਹ ਦੇਖਦਾ ਹੈ, ਨਾਟਕਕਾਰ ਉਹ ਲਿਖਦਾ ਹੈ।

ਕਿਰਤੀਆਂ ਕਿਸੇ ਨੂੰ ਨੇੜੇ ਨਹੀਂ ਆਉਂਦੀਆਂ। ਇਤਿਹਾਸਕਾਰ ਵਾਕਿਆ ਲਿਖਦਾ ਹੈ, ਨਾਟਕਕਾਰ ਵਰਤਾਰੇ ਬਿਆਨ ਕਰਦਾ ਹੈ। ਇਤਿਹਾਸਕਾਰ ਕਿਸੇ ਸਿਤਮ ਦੇ ਨਤੀਜੇ ਲਿਖਦਾ ਹੈ ਨਾਟਕਕਾਰ ਉਸ ਦੇ ਕਾਰਨ ਲੱਭਦਾ ਹੈ।"

ਇਤਿਹਾਸਕ ਪ੍ਰਵਿਰਤੀ ਦੇ ਨਾਟਕ ਬਹੁਤ ਨਾਟਕ ਵਾਰਕੀ ਸਹਿਤ ਵਿਚ ਵੇਖਣ ਨੂੰ ਮਿਲਦੇ ਹਨ। ਜਿਵੇਂ:-

- ਡਾ. ਕਿਰਪਾ ਸਾਗਰ "ਮਹਾਰਾਜਾ ਰਣਜੀਤ ਸਿੰਘ", 'ਹਰਚਰਨ ਸਿੰਘ ਨੇ 'ਰਾਜਾ ਪੋਰਸ', 'ਸਮੀਂ ਮੁੜੀ ਤੇ ਮੁਸਕਾਇਆ"। ਗੁਰਦਿਆਲ ਸਿੰਘ ਫੁੱਲ ਨੇ 'ਸਹਾਧਕੀ ਜੋਧਾ', ਬਲਵੰਤ ਗਾਰਗੀ ਨੇ 'ਸੁਲਤਾਨ ਰਜ਼ੀਆ', ਸੇਖੋਂ ਨੇ 'ਬੇੜਾ ਬੰਧੁ ਨ ਸਕਿਉ", 'ਮੋਇਆਂ ਸਾਰ ਨਾ ਕਾਈ"; ਵਰਿਸ ਨੇ 'ਜਿਤਰ ਪਿਆਰਾ', 'ਬੰਦਾ ਬਹਾਦਰ', ਰੋਸ਼ਨ ਲਾਲ ਆਹੂਜਾ ਨੇ 'ਕੀਲਿਰ ਦਾ ਦੁਖਾਂਤ' ਆਦਿ ਮਹੱਤਵਪੂਰਨ ਨਾਟਕ ਲਿਖੇ ਹਨ।

(ii) <u>ਧਾਰਮਿਕ ਪ੍ਰਵਿਰਤੀ</u> :- ਧਾਰਮਿਕ ਪ੍ਰਵਿਰਤੀ ਉਹ ਪ੍ਰਵਿਰਤੀ ਹੈ ਜੋ ਧਰਮ ਨੂੰ ਵਡਿਆਉਂਦੀ ਹੈ। ਧਾਰਮਿਕ ਪ੍ਰਵਿਰਤੀ ਅਧੀਨ ਧਰਮ ਦੇ ਸਿਧਾਂਤ, ਫ਼ਲਸਫ਼ੇ, ਵਿਸ਼ਵਾਸਾਂ ਨੂੰ ਦਰਸਾਇਆ ਹੈ, ਪਰ ਅਜਿਹੀ ਪ੍ਰਕਾਰ ਦਾ ਨਾਟਕੀਕਰਨ ਕਰਨਾ ਸੌਖਾ ਕਾਰਜ ਨਹੀਂ ਕਿਉਂਕਿ ਇਸ ਪ੍ਰਵਿਰਤੀ ਅਧੀਨ ਸ਼ਰਧਾ, ਸ਼ਰਨ, ਵਿਸ਼ਵਾਸ, ਕਟੜਤਾ ਆਦਿ ਅਜਿਹੇ ਸੰਕਲਪ ਹੁੰਦੇ ਹਨ। ਜਿਨ੍ਹਾਂ ਨੂੰ ਹੁਨਰ ਰਾਹੀਂ ਮੰਚ ਤੇ ਸਾਕਾਰ ਕਰਨਾ ਔਖਾ ਹੈ। ਇਸ ਪ੍ਰਵਿਰਤੀ ਅਧੀਨ ਨਾਟਕ ਹਨ ਜਿਵੇਂ:- ਬਲਵੰਤ ਗਾਰਗੀ ਦਾ

(3)

'ਗਗਨ ਮੈਂ ਥਾਲ', ਡਾ. ਗੁਰਦਿਆਲ ਫੁੱਲ ਦਾ ਜਿਨ੍ਹ ਵਾਹਿ ਕਾ ਨ 'ਜਿਨ੍ਹ ਮੈਂ ਲ ਪੂਜੇ ਜੋਇ', ਕਸਦਾ ਰਚ ਮਹਾਂਦਿਆ, "ਤਰੀ ਵਾਹਿ ਨਾ ਲਗਾਈ'। ਡਾ. ਹਰਚਰਨ ਸਿੰਘ ਦੇ 'ਪੰਜਿਆ ਦਾ ਚੈਨ', 'ਕਮਲੇਰ ਦੀ ਗੜ੍ਹੀ', 'ਇਹ ਦੀ ਕਾਦਰ' ਆਦਿ। ਧਾਰਮਿਕ ਪ੍ਰਸੰਗ ਤੇ ਇਹਨਾਂ ਨਾਟਕਾਂ ਵਿੱਚ ਦਵੰਦ ਸਹਜ ਪ੍ਰਧਾਨ ਹੁੰਦੀ ਹੈ ਤੇ ਧਰਮ ਨੂੰ ਵਿਸਤਾਰਿਆ ਗਿਆ ਹੁੰਦਾ ਹੈ।

ਧਾਰਮਿਕ ਪ੍ਰਵਿਰਤੀ ਵਾਲੇ ਨਾਟਕ ਦਾ ਧਰਮ ਪਾਠਕਾਂ ਨੂੰ ਧਰਮ ਨਾਲ ਜੋੜਨਾ, ਇਸ ਪ੍ਰਤੀ ਸ਼ਰਧਾ ਭਾਵਨਾ ਆਦਰ ਸਨਮਾਨ ਦੀ ਭਾਵਨਾ ਪੈਦਾ ਕਰਨਾ ਹੈ। ਇਸ ਮੰਤਵ ਲਈ ਨਾਟਕ ਸਾਹਿਤ ਰੂਪ ਦਵੰਦ ਸਫਲ ਸਾਬਤ ਹੁੰਦਾ ਹੈ। ਕਿਉਂਕਿ ਇਹ ਦ੍ਰਿਸ਼ ਕਾਵਿ ਹੈ ਤੇ ਸਰੋਤੇ ਦੇ ਮਨ ਤੇ ਗੰਭੀਰ ਅਸਰ ਕਰਦਾ ਹੋਇਆ ਇਸਨੂੰ ਧਰਮ ਨਾਲ ਜੋੜਨ ਲਈ ਸਫਲ ਹੁੰਦਾ ਹੈ। ਧਾਰਮਿਕ ਨਾਟਕ ਦੀ ਪ੍ਰਵਿਰਤੀ ਪੰਜਾਬੀ ਨਾਟਕ-ਚੇਤਨਾ ਦੇ ਸਫਰ ਵਿੱਚ ਵਿਸ਼ੇਸ਼ ਯੋਗਦਾਨ ਪਾਉਂਦੀ ਹੈ।

(iii) <u>ਸੁਧਾਰਵਾਦੀ ਪ੍ਰਵਿਰਤੀ</u> :- ਜਿਵੇਂ ਕਿ 'ਸੁਧਾਰ' ਸ਼ਬਦ ਤੋਂ ਹੀ ਸਪੱਸ਼ਟ ਹੈ ਕਿ ਇਸ ਪ੍ਰਵਿਰਤੀ ਅਧੀਨ ਲਿਖੇ ਨਾਟਕ ਆਉਂਦੇ ਹਨ। ਜਿਨਾਂ ਵਿੱਚ ਸਮਾਜਕ, ਧਾਰਮਿਕ ਅਤੇ ਧਾਮ ਰਸਮ, ਕੁਰੀਤੀਆਂ ਵੱਲ ਦੀ ਪਕੜ ਕਰਾਈ ਜਾਂਦੀ ਹੈ ਅਤੇ ਸਮਾਜੀ ਅੰਗਾਂ ਜਿਵੇਂ ਅਜਾਈ, ਸ਼ਰਾਬ ਖੋਰੀ, ਨਸ਼ਾ ਖੋਰੀ, ਪਤੀ ਤੇ ਪਤਨੀ ਦੇ ਆਨ ਸਤਿਕਾਰ ਦੀ ਘਾਟ, ਜਾਤ-ਪਾਤ ਸਮੱਸਿਆ ਤੇ ਲੜਾਈ ਝਗੜਿਆਂ ਆਦਿ ਤੇ ਫਟਕਾਰ ਆਦਿ ਦਾ ਵਿਰੋਧ ਹੁੰਦਾ ਹੈ। ਇਸ ਅਧੀਨ 'ਭਾਈ ਵੀਰ ਸਿੰਘ' ਦਾ 'ਰਾਜਾ ਲੱਖ ਦਾਤਾ', ਸੁਕੰਤ ਕੇ ਪੰਥ, ਸੰਗਤਰੀ ਆਦਿ ਨਾਟਕਾਂ ਰ ਪ੍ਰਾਪਤ ਨੂੰ ਸਹੀ ਸੇਧ ਦਿੰਦਾ ਹੈ। "ਬਾਵਾ ਬੁੱਧ ਸਿੰਘ" ਦਾ 'ਮੁੰਦਰੀ ਛੱਲ', ਹਰਚਰਨ ਸਿੰਘ ਦਾ "ਦੂਰ ਦੁਰਾਡੇ ਮਹਿਰੋ", ਗੁਰਦਿਆਲ ਸਿੰਘ ਫੁੱਲ ਦਾ 'ਕਾਗਜ਼ੀ ਵਿਟ' ਪਰਤੀ ਦੀ ਆਵਾਜ਼," "ਆਤਮਜੀਤ ਦਾ 'ਮਿੱਟੀਆਂ ਦਾ ਕੀ ਰੱਖੀਏ ਨਾਂ'" ਇਸ ਪੱਖ ਦਾ ਹੈ।

ਇਸ ਪ੍ਰਵਿਰਤੀ ਦੇ ਅੰਤਰਗਤ ਸਮਾਜਿਕ ਕੁਰੀਤੀਆਂ ਤੇ ਗਹਿਰੀ ਚੋਟ ਕੀਤੀ ਹੈ। ਆਤਮਜੀਤ ਦਾ ਨਾਟਕ "ਕੈਮਲੂਪਸ ਦੀਆਂ ਮੱਛੀਆਂ" ਪਰਵਾਸ ਵਾਲੀ ਪ੍ਰਵਿਰਤੀ ਅਧੀਨ ਸ਼ਾਮਲ ਹਨ। ਇਹ ਇੱਕ ਅਜਿਹੀ ਪ੍ਰਵਿਰਤੀ ਹੈ ਜੋ ਨਾਟਕ ਵਿਚ ਸਦਾ ਰਹਿਣ ਵਾਲੀ ਪ੍ਰਵਿਰਤੀ ਹੈ।

(iv) ਯਥਾਰਥਵਾਦੀ ਪ੍ਰਵਿਰਤੀ :- ਯਥਾਰਥਵਾਦੀ ਦਾ ਮਤਲਬ ਹੈ 'ਸੱਚ' ਜਾਂ ਸੱਚ ਨੂੰ ਬਿਆਨ ਕਰਨਾ। ਇਸ ਪ੍ਰਵਿਰਤੀ ਅਧੀਨ ਸੱਚ ਨੂੰ ਚਿਤਰਨ ਕੀਤਾ ਜਾਂਦਾ ਹੈ। ਇਸ ਪ੍ਰਵਿਰਤੀ ਦੇ ਅੰਤਰਗਤ ਸੱਚ ਨੂੰ ਚਿਤਰਨ ਦੀ ਕੋਸ਼ਿਸ਼ ਕੀਤੀ। ਜਿਵੇਂ- 'ਸੰਤ ਸਿੰਘ ਸੇਖੋਂ' ਦਾ "ਬਾਬਾ ਬੋਹੜ", ਬਲਵੰਤ ਗਾਰਗੀ ਦਾ "ਕਣਕ ਦੀ ਬੱਲੀ", "ਚਰਨ ਦਾਸ ਸਿੱਧੂ", "ਅੰਧੀਆਂ ਨੂੰ ਤਰਸੇਗੀ", "ਕੇਸ ਗਾਲਬ ਚੋਰ ਹੋਣਾ" ਆਦਿ ਯਥਾਰਥਵਾਦੀ ਪ੍ਰਵਿਰਤੀ ਦੇ ਅੰਤਰਗਤ ਆਉਂਦੇ ਹਨ।

(v) ਮਿਥਿਹਾਸ ਪ੍ਰਵਿਰਤੀ :- ਮਿਥਿਹਾਸ ਪ੍ਰਵਿਰਤੀ ਵਿੱਚ 'ਥੋੜਾ ਸੱਚ ਥੋੜੀ ਕਲਪਨਾ' ਰਾਹੀਂ ਮਿਥਿਹਾਸ ਪ੍ਰਵਿਰਤੀ ਦੀ ਸਿਰਜਣਾ ਕੀਤੀ ਜਾਂਦੀ ਹੈ। ਪੰਜਾਬੀ ਨਾਟਕ ਦੀ ਪ੍ਰਵਿਰਤੀ ਮੂਲਕ ਵਿਆਖਿਆ ਕਰਦਿਆਂ "ਮਿਥਿਹਾਸ" ਦੇ ਵਿਸ਼ੇਸ਼ ਅਰਥ ਹਨ। ਇਹ ਕਲਪਨਾ ਦਾ ਸੰਸਾਰ ਹੈ। ਇਸ ਵਿਚ ਮਨੁੱਖੀ ਸ਼ਕਤੀ ਨੂੰ ਉਪਕਾਰਿਤਾ ਦੀ ਯੋਗਤਾ ਹੁੰਦੀ ਹੈ। ਮਿਥਿਹਾਸ ਸੱਚ ਤੇ ਪਰੰਪਰਾ ਦਾ ਸੰਮਿਸ਼ਰਣ ਹੈ। ਕਿਉਂਕਿ ਇਸ ਵਿੱਚ ਵਿਸ਼ਾਲਤਾ, ਧਾਰਮਿਕਤਾ ਅਤੇ ਲੋਕਧਾਰਾ ਦਾ ਰੰਗ ਹੁੰਦਾ ਹੈ। ਪੰਜਾਬੀ ਵਿੱਚ ਨਾਟਕ ਦਾ ਮੁੱਢ ਹੀ ਮਿਥਿਹਾਸ ਨਾਟਕਾਂ ਰਾਹੀਂ ਬੱਝਿਆ ਪ੍ਰਤੀਤ ਹੁੰਦਾ ਹੈ। ਇਸ ਪ੍ਰਵਿਰਤੀ ਅਧੀਨ ਆਉਂਦੇ ਨਾਟਕ "ਸੰਤ ਸਿੰਘ ਸੇਖੋਂ" ਦਾ 'ਦਮਯੰਤੀ', 'ਕਲਾਕਾਰ', 'ਹਰਚਰਨ ਸਿੰਘ'

ਦਾ "ਬਾਬਾ ਬੰਤੂ", 'ਸਹਗਕਬੀਰ' ਦਾ ਕਿਸ਼ਨ ਮਿਥਿਹਾਸਕ ਪ੍ਰਵਿਰਤੀ ਦੇ ਨਾਟਕ ਹਨ। 'ਛਿਬ ਬਾਲ ਸਾਸਤਰੀ' ਦੇ "ਸੋਹਣੀ", "ਸੁਦੇਸ਼ਨਾ", "ਖਹਿੰਗਾਸ", 'ਆਤਮਜੀਤ' ਦੇ ਨਾਟਕ "ਪੂਰਨ" ਵੀ ਇਸੇ ਵੰਨਗੀ ਦੇ ਉੱਤਮ ਆਖੇ ਹਨ।

(vi) **ਕਾਵਿ-ਨਾਟਕ ਪ੍ਰਵਿਰਤੀ** :- ਪੰਜਾਬੀ ਵਿੱਚ ਕਾਵਿ ਨਾਟ ਪ੍ਰਵਿਰਤੀ ਵੀ ਇਸੇ ਵਿਰਸੇ ਵਜੋਂ ਵਿਆਪਕ ਰੂਪੀ ਵੇਖੀ ਜਾ ਸਕਦੀ ਹੈ। ਹੁਣ ਹੌਲੀ-ਹੌਲੀ ਕਾਵਿ ਨਾਟਕ ਰਚਣ ਦੀ ਪ੍ਰਵਿਰਤੀ ਵਿਕਸਿਤ ਹੁੰਦੀ ਜਾ ਰਹੀ ਹੈ। ਇਸ ਪ੍ਰਵਿਰਤੀ ਅਧੀਨ ਆਉਂਦੇ ਨਾਟਕ ਹਨ। "ਗੁਰਦਿਆਲ ਸਿੰਘ ਫੁੱਲ" ਦਾ "ਦਸਵੰਧ ਰਥ ਅਗਨਿ ਦਾ" "ਰਵਿੰਦਰ ਰਵੀ" ਰੂਹ ਪੰਜਾਬ ਦੀ "ਬਿਮਾਰ ਸਦੀ", ਸ਼ਿਵ ਕੁਮਾਰ ਬਟਾਲਵੀ ਦਾ "ਲੂਣਾ", ਮਨਜੀਤ ਪਾਲ ਕੌਰ ਦਾ "ਸੂਰਜ", "ਸਾਹਿਬਾ" ਆਦਿ ਨਾਟਕ ਕਾਵਿ ਨਾਟ ਪ੍ਰਵਿਰਤੀ ਦੇ ਪ੍ਰਸਿੱਧ ਨਾਟਕ ਮੰਨੇ ਜਾਂਦੇ ਹਨ।

(vii) **ਪ੍ਰਯੋਗਵਾਦੀ ਪ੍ਰਵਿਰਤੀ** :- ਦੇਸ਼ ਦੀ ਉੱਨਤੀ ਦੇ ਨਾਲ-ਨਾਲ ਕਲਾ ਦੀ ਉੱਨਤੀ ਵਿੱਚ ਨਾਟਕ ਪ੍ਰਯੋਗਵਾਦੀ ਵਿਸ਼ਸ਼ ਦੇ ਰਹੇ ਹਨ। ਨਾਟਕ ਵਿੱਚ ਨਵੀਆਂ ਸ਼ਿਲਪੀ ਸੰਕੇਤਕ, ਪ੍ਰਤੀਕ ਪਰਿਭਾਸ਼ਤਾਵਾਂ ਪ੍ਰਣਾਲੀਆਂ ਆਦਿ ਦੇ ਨਵੀਨਤਮ ਤਰੀਕੇ ਨਾਲ ਸਿਰਜਣ ਦੀ ਕੋਸ਼ਿਸ਼ ਵਜੋਂ ਪੰਜਾਬੀ ਨਾਟਕ ਵਿਚ ਪ੍ਰਯੋਗਵਾਦ ਦੀ ਰੁਚੀ ਪ੍ਰਵੇਸ਼ ਕਰਦੀ ਹੈ। ਇਹ ਪ੍ਰਵਿਰਤੀ ਜਿਥੇ ਸ਼ਿਲਪੀ ਵਿਧਾਨ ਦੇ ਸਿਧਾਂਤ ਦੇ ਸੰਦਰਭ ਵਿਚ ਹੋ ਰਹੀ, ਸਗੋਂ ਵਿਸ਼ਿਆਂ ਦੇ ਪ੍ਰਸੰਗ ਵਿਚ ਵੀ ਪੰਜਾਬੀ ਨਾਟਕ ਵਿਚ ਵੇਖੀ ਜਾ ਸਕਦੀ ਹੈ। ਇਸ ਪ੍ਰਵਿਰਤੀ ਅਧੀਨ ਆਉਂਦੇ ਨਾਟਕ ਇਹ ਹਨ :- "ਬਲਵੰਤ ਗਾਰਗੀ" ਦਾ "ਧੂਣੀ ਦੀ ਅੱਗ", 'ਡਾ. ਸੁਰਜੀਤ ਸਿੰਘ ਸੇਠੀ' "ਕਿੰਗ ਮਿਰਜ਼ਾ ਤੇ ਸਪੇਰਾ" 'ਮਰਦ ਮਰਦ ਨਹੀਂ', ਤੀਵੀਂ ਤੀਵੀਂ ਨਹੀਂ",

"ਵੇਈਂਤਨਾ ਦਾ ਥੀਏਟਰ", ਭੀਰਆ ਵੇ ਭੀਰਆ, ਸੱਖਣਾ ਸੱਖਣਾ, ਆਦਿ ਪ੍ਰਯੋਗਵਾਦੀ ਪ੍ਰਵਿਰਤੀ ਦੇ ਅੰਤਰਗਤ ਸ਼ਾਮਿਲ ਹਨ। ਇਸ ਤੋਂ ਇਲਾਵਾ ਆਤਮਜੀਤ, ਚਰਨਦਾਸ ਸਿੱਧੂ ਦੇ ਕੁਝ ਨਾਟਕ ਇਸ ਵੰਨਗੀ ਦੇ ਹਨ।

(viii) ਐਬਸਰਡ ਨਾਟਕ ਪ੍ਰਵਿਰਤੀ :- ਸਧਾਰਨ ਭਾਸ਼ਾ ਵਿਚ ਐਬਸਰਡ ਤੋਂ ਭਾਵ ਊਲ-ਜਲੂਲ, ਬੇਹੂਦਾ ਤੋਂ ਲਿਆ ਜਾਂਦਾ ਹੈ। ਪੱਛਮ ਨਾਟਕ ਦੇ ਸੰਦਰਭ ਵਿੱਚ ਐਬਸਰਡ ਨਾਟਕ ਤੋਂ ਭਾਵ ਅਜਿਹੀਆਂ ਸਥਾਪਤ ਹੋ ਚੁੱਕੀਆਂ ਧਾਰਨਾਵਾਂ ਨੂੰ ਨਵੇਂ-ਨਵੇਂ ਅਰਥ ਪ੍ਰਦਾਨ ਕਰਕੇ ਸੋਚ ਅਤੇ ਸੁਹਜ-ਸੁਆਦ ਦੀਆ ਨਵੀਆਂ ਪਰਿਭਾਸ਼ਾਵਾਂ ਸਥਾਪਤ ਕਰਦਾ ਹੈ। ਅੱਜ ਦਾ ਪੰਜਾਬੀ ਨਾਟਕ ਵੀ ਇਸ ਪ੍ਰਵਿਰਤੀ ਤੋਂ ਮੁਕਤ ਨਹੀਂ। ਇਹ ਪ੍ਰਵਿਰਤੀ ਮੁੱਖ ਰੂਪ ਵਿਚ 'ਸੁਰਜੀਤ ਸਿੰਘ' ਸੇਠੀ ਦੇ ਨਾਟਕ "ਕਿੰਗ ਮਿਰਜ਼ਾ ਤੇ ਸਪੇਰਾ' ਨਾਲ ਆਈ ਹੈ।

ਇਸ ਤਰ੍ਹਾਂ ਐਬਸਰਡ ਨਾਟਕ ਮੁਕਤ ਵੀ ਹੈ, ਸਥਾਪਿਤ ਹੋ ਚੁੱਕੀਆਂ ਧਾਰਨਾਵਾਂ ਕਦਰਾਂ-ਕੀਮਤਾਂ ਦੀ ਅਵੱਗਿਆ ਵੀ ਕਰਦਾ ਹੈ ਅਤੇ ਐਸੇ ਵਾਲੇ ਪਾਠਕਾਂ ਤੇ ਦਰਸ਼ਕਾਂ ਨੂੰ ਨਾਟਕੀ ਢੰਗ 'ਚ ਉਪਜੀ ਕਰਘਾਤੀ ਤ੍ਰਿਪਤੀ ਵੀ ਕਰਦਾ ਹੈ। ਕਪੂਰ ਸਿੰਘ ਘੁੰਮਣ ਵੀ ਇਕ ਅਜਿਹਾ ਵਿਲੱਖਣ ਹਸਤਾਖਰ ਹੈ ਜਿਸਦੇ ਨਾਟਕ 'ਪਾਗਲ ਲੋਕ" "ਸੂਰ ਸੰਸਾਰ", "ਪੁਤਲੀਘਰ", "ਚੁਬਾਰਤੀ'" ਵੀ ਇਸ ਧਾਰਾ ਦੇ ਹਨ। 'ਆਤਮਜੀਤ' ਦੇ ਛਾਪੀਆਂ, "ਮੈਨੇ ਵਾਹ੍ਹ", "ਤਿੰਨ ਲਤ ਵਾਲਾ ਸੋਫ਼" ਆਦਿ ਐਬਸਰਡ ਪ੍ਰਵਿਰਤੀ ਦੇ ਅੰਤਰਗਤ ਆਉਂਦੇ ਹਨ।

ਉਪਰੋਕਤ ਵਿਚਾਰ ਚਰਚਾ ਦੇ ਅਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ ਪੰਜਾਬੀ ਨਾਟਕ ਵਿੱਚ ਉਪਰੋਕਤ ਵਿਤੀਆਂ ਪ੍ਰਵਿਰਤੀਆਂ ਆਦਿ ਪ੍ਰਵਿਰਤੀਆਂ ਹਨ। ਜਿਨ੍ਹਾਂ ਦੀ ਪੰਜਾਬੀ ਨਾਟਕ ਵਿਚ ਵੱਖਰੀ ਪਛਾਣ ਅਤੇ ਆਪਣੀ ਵੱਖਰੀ ਹੋਂਦ ਹੈ।